## ਪਾਠ-2

## ਘੋੜੀਆਂ

## ਮੁੰਡੇ ਦੇ ਵਿਆਹ ਸਮੇਂ ਗਾਏ ਜਾਣ ਵਾਲੇ ਲੋਕ ਗੀਤ

ਪ੍ਰਸ਼ਨ-1 : 'ਹਰਿਆਂ ਨੀ ਮਾਲਣ ' ਘੋੜੀ ਵਿੱਚ ਵਿਆਹੇ ਜਾਣ ਵਾਲੇ ਮੁੰਡੇ ਨੂੰ ਕਿਵੇਂ ਵਿਸ਼ੇਸ਼ ਤੇ ਵਿਲੱਖਣ ਦਰਸਾਇਆ ਗਿਆ ਹੈ?

ਉੱਤਰ :

'ਹਰਿਆਂ ਨੀ ਮਾਲਣ ' ਘੋੜੀ ਵਿੱਚ, ਵਿਆਂਦੜ ਮੁੰਡਾ ਜਨਮ ਤੋਂ ਹੀ ਪਰਿਵਾਰ ਲਈ ਭਾਗਾਂ ਵਾਲਾ ਸੀ, ਉਸਦੇ ਜਨਮ ਨਾਲ ਘਰ ਹਰਿਆ ਭਰਿਆ ਤੇ ਭਾਗਾਂ ਵਾਲਾ ਬਣ ਗਿਆ। ਉਸਨੂੰ ਚੁੱਕਣ ਲਈ ਦਾਈਆਂ ਤੇ ਮਾਈਆਂ ਸਨ ਜਿਹਨਾਂ ਨੂੰ ਪਾਲਣ ਤੇ ਖਿਡਾਉਣ ਲਈ ਦਾਈਆਂ ਤੇ ਮਾਈਆਂ ਸਨ ਜਿਨ੍ਹਾਂ ਨੂੰ ਪਾਲਣ ਤੇ ਖਿਡਾਉਣ ਲਈ ਜੰਮਣ ਸਮੇਂ ਪੰਜ-ਪੰਜ ਰੁਪਏ ਵਧਾਈ ਵਜੋਂ ਦਿੱਤੇ ਗਏ। ਭੈਣਾਂ ਜ਼ੋ ਕਿ ਇਸਨੂੰ ਰੇਸ਼ਮ ਦੇ ਕੱਪੜੇ ਵਿੱਚ ਲਪੇਟ ਕੇ ਗੋਦੀ ਚੱਕਦੀਆਂ ਸਨ ਉਨ੍ਹਾਂ ਨੂੰ ਰੇਸ਼ਮੀ ਤਿਓਰ ਭਾਵ ਕਿ ਸੋਹਣੇ ਕੀਮਤੀ ਕੱਪੜੇ ਤੋਹਫੇ ਵਜੋਂ ਦਿੱਤੇ ਗਏ।

ਪ੍ਰਸ਼ਨ-2 : 'ਹਰਿਆਂ ਨੀ ਮਾਲਣ ' ਘੋੜੀ ਵਿੱਚ ਵਿਆਹੇ ਜਾਣ ਵਾਲੇ ਮੁੰਡੇ ਦੇ ਪਰਿਵਾਰ ਦੀ ਵਡਿਆਈ ਕਿਵੇਂ ਦੱਸੀ ਗਈ ਹੈ ?

ਉੱਤਰ :

ਵਿਆਂਦੜ ਮੁੰਡੇ ਦਾ ਪਰਿਵਾਰ ਖੁਸ਼ਹਾਲ ਪਰਿਵਾਰ ਹੈ। ਜਿਸ ਵਿੱਚ ਉਸਦੇ ਜੰਮਣ ਤੇ ਖੁਸ਼ੀਆਂ ਮਨਾਕੇ ਦਾਈਆਂ, ਮਾਈਆਂ ਤੇ ਭੈਣਾਂ ਨੂੰ ਤੋਹਫੇ ਦਿੱਤੇ ਗਏ। ਹੁਣ ਵਿਆਹ ਸਮੇਂ ਘਰ ਵਿੱਚ ਤੰਬੂ ਤੇ ਕਨਾਤਾਂ ਲੱਗੀਆਂ ਹਨ ਤੇ ਮਾਲਣ ਇਸਦੇ ਸਿਹਰੇ ਵਜੋਂ ਦੋ ਲੱਖ ਮਰੂਏ ਤੇ ਇੱਕ ਲੱਖ ਚੰਬੇ ਦੇ ਫੁੱਲਾਂ ਦਾ ਹਾਰ ਗੁੰਦ ਕੇ ਲਿਆਈ ਹੈ। ਜਿਸਦਾ ਮੁੱਲ ਤਿੰਨ ਲੱਖ ਰੁਪਏ ਹੈ। ਇਹ ਸਿਹਰਾ ਲਾਲ ਦੇ ਮੱਥੇ ਤੇ ਸਜਾਕੇ ਪਰਿਵਾਰ ਖੁਸ਼ੀ ਮਨਾ ਰਿਹਾ ਹੈ।

ਪ੍ਰਸ਼ਨ-3 : 'ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ' ਘੋੜੀ ਵਿੱਚ ਵਿਆਹੇ ਜਾਣ ਵਾਲੇ ਮੁੰਡੇ ਦੀ ਸਿਫਤ ਕਿਵੇਂ ਕੀਤੀ ਗਈ ਹੈ ?

ਉੱਤਰ :

‘ ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ ’ ਘੋੜੀ ਵਿੱਚ ਵਿਆਂਦੜ ਮੁੰਡੇ ਦੀ ਸਾਨੋ-ਸ਼ੋਕਤ ਦੀ ਸਿਫਤ ਕਿਵੇਂ ਕੀਤੀ ਗਈ ਕਿ ਉਸਦੀ ਘੋੜੀ ਤੇ ਕਾਠੀ ਬਹੁਤ ਸੋਹਣੀ ਹੈ, ਇਹ ਡੇਢ ਹਜ਼ਾਰ ਦੇ ਮੁੱਲ ਦੀ ਹੈ। ਉਸਦਾ ਰਾਜਿਆਂ ਵਾਲਾ ਖਾਣਾ ਹੈ, ਉਸ ਨੇ ਅੱਗੇ ਅਮੀਰ ਸਰਦਾਰਾਂ ਦੇ ਘਰ ਢੁੱਕਣਾ ਹੈ। ਉਸਦੀ ਘੋੜੀ ਦੀ ਚਾਲ ਸਰਦਾਰਾਂ ਵਾਲੀ ਹੈ। ਉਸਦੇ ਸਿਰ ਤੇ ਸੋਹਣਾ ਚੀਰਾ ਹੈ ਤੇ ਉੱਪਰ ਡੇਢ ਹਜ਼ਾਰ ਮੁੱਲ ਵਾਲੀ ਕਲਗੀ ਹੈ ਤੇ ਗਲ ਵਿੱਚ ਕੈਂਠਾ ਪਾਇਆ ਹੈ ਤੇ ਕੈਂਠਾ ਡੇਢ-ਡੇਢ ਹਜ਼ਾਰ ਦੀਆਂ ਜੁਗਨੀਆਂ ਦੇ ਨਾਲ ਸਜਿਆ ਹੋਇਆ ਹੈ। ਉਸਦਾ ਪਹਿਰਾਵਾ ਵੀ ਬਹੁਤ ਸੋਹਣਾ ਤੇ ਮਹਿੰਗੇ ਮੁੱਲ ਦਾ ਹੈ।

ਪ੍ਰਸ਼ਨ-4 : ‘ਮੱਥੇ ਤੇ ਚਮਕਣ ਵਾਲ’ ਘੋੜੀ ਵਿੱਚ ਕੀ ਭਾਵ ਪੇਸ਼ ਹੋਏ ਹਨ ?

ਉੱਤਰ :

ਇਸ ਘੋੜੀ ਵਿੱਚ ਜੰਞ ਚੜਨ ਸਮੇਂ ਦੇ ਭਾਵ ਬਿਆਨ ਕੀਤੇ ਗਏ ਹਨ ਕਿ ਮਾਂ ਲਾੜੇ ਦੇ ਰੂਪ ਵਿੱਚ ਸਜੇ ਆਪਣੇ ਪੁੱਤਰ ਤੋਂ ਬਲਿਹਾਰ ਜਾਂਦੀ ਹੈ, ਉਸਦੇ ਮੱਥੇ ਤੇ ਸਿਹਰੇ ਦੇ ਵਾਲ ਚਮਕ ਰਹੇ ਹਨ, ਹੱਥ ਗਾਨਾ ਬੱਧਾ ਹੋਇਆ ਹੈ ਜਿਸਦੇ ਚਾਰ ਫੁੰਮਣ ਬਹੁਤ ਸੋਹਣੇ ਲਗਦੇ ਹਨ। ਹੱਥ ਤੇ ਸ਼ਗਨਾਂ ਦੀ ਮਹਿੰਦੀ ਦਾ ਸੂਹਾ ਰੰਗ ਜਚ ਰਿਹਾ ਹੈ। ਲਾੜੇ ਨੂੰ ਕਹਿ ਰਹੀ ਹੈ ਕਿ ਉਹ ਆ ਕੇ ਆਪਣੀਆਂ ਭੈਣਾਂ ਤੋਂ ਸਿਹਰਾ ਬੰਨਾ ਲਵੇ ਤੇ ਸਿਹਰੇ ਦੀਆਂ ਲੜੀਆਂ ਬਹੁਤ ਸੁੰਦਰ ਲੱਗ ਰਹੀਆਂ ਹਨ । ਸ਼ਗਨਾਂ ਦੀ ਘੋੜੀ ਤੇ ਬੈਠੇ ਦਾ ਭਰਾਵਾਂ ਨਾਲ ਮਾਣ ਵੱਧ ਰਿਹਾ ਹੈ। ਉਸਨੇ ਸਹੁਰੇ ਘਰ ਜਾ ਕੇ ਲਾੜੀ ਨਾਲ ਸ਼ਗਨਾਂ ਦੀਆਂ ਲਾਵਾਂ ਲੈਣੀਆਂ ਹਨ ਤੇ ਜਦੋਂ ਉਹ ਸ਼ਗਨਾਂ ਦਾ ਡੋਲਾ, ਲਾੜੀ ਨੂੰ ਬਿਠਾ ਕੇ ਘਰ ਆਵੇਗਾ ਤਾਂ ਉਹ ਸ਼ਗਨਾਂ ਦਾ ਪਾਣੀ ਵਾਰ ਕੇ ਪੀਵੇਗੀ।

ਪ੍ਰਸ਼ਨ-5 : ‘ਨਿੱਕੀ ਨਿੱਕੀ ਬੂੰਦੀ’ ਘੋੜੀ ਵਿੱਚ ਪਰਿਵਾਰ ਦੀ ਖੁਸ਼ਹਾਲੀ, ਰਸਮਾਂ ਬਾਰੇ ਕੀ ਜਾਣਕਾਰੀ ਹੈ ?

ਉੱਤਰ :

‘ਨਿੱਕੀ ਨਿੱਕੀ ਬੂੰਦੀ ਘੋੜੀ ਵਿੱਚ ’ ਵਿਆਂਦੜ ਮੁੰਡੇ ਦਾ ਪਰਿਵਾਰ, ਇੱਕ ਖੁਸ਼ਹਾਲ ਪਰਿਵਾਰ ਹੈ। ਉਸਦੀ ਸੁਹਾਗਣ ਮਾਂ ਉਸਦੇ ਸ਼ਗਨ ਕਰਦੀ ਹੈ, ਪੈਸੇ ਸੁੱਟਣ ਲਈ ਬਾਬਾ ਦੰਮਾਂ ਦੀ ਬੋਰੀ ਫੜਦਾ ਹੈ। ਉਸਦਾ ਬਾਬਲ ਹਾਥੀਆਂ ਦੇ ਸੰਗਲ ਫੜ ਕੇ ਉਹਨਾਂ ਨੂੰ ਜੰਞ ਵਿੱਚ ਸ਼ਾਮਲ ਕਰਦਾ ਹੈ। ਵਿਆਂਦੜ ਮੁੰਡਾ ਨੀਲੀ

ਘੋੜੀ ਤੇ ਸਵਾਰ ਹੁੰਦਾ ਹੈ। ਉਸਦੀ ਭਰਜਾਈ ਉਸਦੇ ਸੁਰਮਾ ਪਾਉਂਦੀ ਹੈ ਤੇ ਭੈਣ ਘੋੜੀ ਦੀ ਵਾਗ ਫੜਦੀ ਹੈ। ਜਦੋਂ ਉਹ ਵਿਆਹ ਕੇ ਵਾਪਸ ਘਰ ਪਰਤਦਾ ਹੈ ਤਾਂ ਉਸਦੀ ਮਾਂ ਸ਼ਗਨਾਂ ਦਾ ਪਾਣੀ ਵਾਰ ਕੇ ਪੀਂਦੀ ਹੈ।

ਪ੍ਰਸ਼ਨ-6 : ਨਿੱਕੀ ਨਿੱਕੀ ਬੂੰਦੀ ਘੋੜੀ ਵਿੱਚ ਪ੍ਰਕਿਰਤੀ ਨੂੰ ਵਿਆਹ ਦੀ ਖੁਸ਼ੀ ਨਾਲ ਕਿਵੇਂ ਜ਼ੋੜਿਆ ਗਿਆ ਹੈ ?

ਉੱਤਰ :

ਨਿੱਕੀ ਨਿੱਕੀ ਬੂੰਦੀ ਘੋੜੀ ਵਿੱਚ ਦੱਸਿਆ ਗਿਆ ਹੈ ਕਿ ਵਿਆਹ ਸਮੇਂ ਘਰ ਵਿੱਚ ਖੁਸ਼ੀ ਦੇ ਵਾਤਾਵਰਨ ਵਿੱਚ ਪ੍ਰਕਿਰਤੀ ਵੀ ਸ਼ਾਮਿਲ ਜਾਂ ਭਾਈਵਾਲ ਹੈ, ਹਲਕਾ ਮੀਂਹ ਪੈ ਰਿਹਾ ਹੈ। ਹਾਥੀ, ਨੀਲੀ ਘੋੜੀ, ਪੀਲੀ ਦਾਲ ਖੁਸ਼ੀਆਂ ਨੂੰ ਵਧਾਉਂਦੇ ਹਨ। ਰੰਗਾਂ ਦੇ ਨਾਂ ਖੁਸ਼ੀ ਦੇ ਮਾਹੌਲ ਵਿੱਚ ਵਾਧਾ ਕਰਨ ਤੇ ਕੁਦਰਤ ਦੀ ਸ਼ਮੂਲੀਅਤ ਦਰਸਾਉਣ ਲਈ ਦੁਹਰਾਕੇ ਵਰਤੇ ਗਏ ਹਨ।

ਡਾ. ਪੁਸ਼ਵਿੰਦਰ ਕੌਰ

ਸ.ਕੋ.ਐਡ.ਮਲਟੀਪਰਪਜ਼ ਸੀ.ਸੈ.ਸ. ਪਟਿਆਲਾ

81465-96565